Series ABAB1/2

SET ~ 3

Q.P. Code 227/2/3

Roll No.

Candidates must write the Q.P. Code on the title page of the answer-book.

ਨੋਟ / NOTE :

(i) ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **5** ਪੰਨੇ **+ 1** ਮਾਨਚਿੱਤਰ ਹਨ ।
Please check that this question paper contains **5** printed pages **+ 1** Map.

(ii) ਪ੍ਰਸ਼ਨ ਪੱਤਰ ਵਿਚ ਸੱਜੇ ਹੱਥ ਦੇ ਵਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ ।
Q.P. Code given on the right hand side of the question paper should be written on the title page of the answer-book by the candidate.

(iii) ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **10** ਪ੍ਰਸ਼ਨ ਹਨ ।
Please check that this question paper contains **10** questions.

(iv) **ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
Please write down the serial number of the question in the answer-book before attempting it.

(v) ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀਂ ਲਿਖਣਗੇ ।
15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

ਭੂਗੋਲ (ਸਿਧਾਂਤਕ)

(ਪੰਜਾਬੀ ਉਲਥਾ)

GEOGRAPHY (Theory)

(Punjabi Version)

ਸਮਾਂ ਸੀਮਾਂ : 2 ਘੰਟੇ *ਪੂਰਨ ਅੰਕ : 35*

Time allowed : 2 hours *Maximum Marks : 35*

ਵਿਆਪਕ ਨਿਰਦੇਸ਼ :

ਹੇਠ ਲਿੱਖੇ ਨਿਰਦੇਸ਼ਾਂ ਨੂੰ ਬਹੁਤ ਧਿਆਨ ਨਾਲ ਪੜ੍ਹੋ ਅਤੇ ਉਨ੍ਹਾਂ ਦੀ ਸਖਤੀ ਨਾਲ ਪਾਲਨ ਕਰੋ :

(i) *ਇਸ ਪ੍ਰਸ਼ਨ ਪੱਤਰ ਵਿਚ ਕੁਲ* ***10*** *ਪ੍ਰਸ਼ਨ ਹਨ ।*

(ii) ***ਸਾਰੇ*** *ਪ੍ਰਸ਼ਨ ਜ਼ਰੂਰੀ ਹਨ ।*

(iii) *ਇਹ ਪ੍ਰਸ਼ਨ ਪੱਤਰ* ***ਪੰਜ*** *ਖੰਡਾਂ ਵਿਚ ਵੰਡਿਆ ਗਿਆ ਹੈ –* ***ਖੰਡ ਕ, ਖ, ਗ, ਘ*** *ਅਤੇ* ***ਙ*** *।*

(iv) ***ਖੰਡ ਕ*** *– ਪ੍ਰਸ਼ਨ ਸੰਖਿਆ* ***1*** *ਤੋਂ* ***3*** *ਬਹੁਤ ਛੋਟੇ ਉੱਤਰ ਪ੍ਰਕਾਰ ਦੇ ਪ੍ਰਸ਼ਨ ਹਨ, ਹਰ ਇਕ ਪ੍ਰਸ਼ਨ* ***2*** *ਅੰਕ ਦਾ ਹੈ ।*

(v) ***ਖੰਡ ਖ*** *– ਪ੍ਰਸ਼ਨ ਸੰਖਿਆ* ***4*** *ਸਰੋਤ ਅਧਾਰਿਤ ਪ੍ਰਸ਼ਨ ਹਨ ਜੋ ਕਿ* ***3*** *ਅੰਕ ਦਾ ਹੈ ।*

(vi) ***ਖੰਡ ਗ*** *– ਪ੍ਰਸ਼ਨ ਸੰਖਿਆ* ***5*** *ਅਤੇ* ***6*** *ਛੋਟੇ ਉੱਤਰ ਪ੍ਰਕਾਰ ਦੇ ਪ੍ਰਸ਼ਨ ਹਨ, ਹਰ ਇਕ ਪ੍ਰਸ਼ਨ* ***3*** *ਅੰਕ ਦਾ ਹੈ ।*

(vii) ***ਖੰਡ ਘ*** *– ਪ੍ਰਸ਼ਨ ਸੰਖਿਆ* ***7*** *ਤੋਂ* ***9*** *ਤਕ ਲੰਬੇ ਉੱਤਰ ਪ੍ਰਕਾਰ ਦੇ ਪ੍ਰਸ਼ਨ ਹਨ, ਹਰ ਇਕ ਪ੍ਰਸ਼ਨ* ***5*** *ਅੰਕ ਦਾ ਹੈ ।*

(viii) ***ਖੰਡ ਙ*** *– ਪ੍ਰਸ਼ਨ ਸੰਖਿਆ* ***10*** *ਮਾਨਚਿੱਤਰ-ਅਧਾਰਿਤ ਪ੍ਰਸ਼ਨ ਹੈ ਜੋ ਕਿ* ***5*** *ਅੰਕ ਦਾ ਹੈ ।*

(ix) *ਪ੍ਰਸ਼ਨ ਪੱਤਰ ਵਿਚ ਕੋਈ ਵਿਆਪਕ ਵਿਕਲਪ ਨਹੀਂ ਹਨ । ਹਾਲਾਂਕਿ, ਕੁਛ ਪ੍ਰਸ਼ਨਾਂ ਵਿਚ ਅੰਦਰੂਨੀ ਵਿਕਲਪ ਦਿਤੇ ਗਏ ਹਨ । ਇਸ ਪ੍ਰਕਾਰ ਦੇ ਪ੍ਰਸ਼ਨਾਂ ਵਿਚੋਂ ਕੇਵਲ ਇਕ ਹੀ ਵਿਕਲਪ ਦਾ ਉੱਤਰ ਲਿਖੋ ।*

ਖੰਡ ਕ
(ਬਹੁਤ ਛੋਟੇ ਉੱਤਰ ਪ੍ਰਕਾਰ ਦੇ ਪ੍ਰਸ਼ਨ)

ਸਾਰੇ *ਪ੍ਰਸ਼ਨਾਂ ਦੇ ਉੱਤਰ ਦਿਓ ।* $3\times2=6$

1. ਉਦਯੋਗਾਂ ਦੇ ਲਈ 'ਮਜ਼ਦੂਰੀ ਦੀ ਪੂਰਤੀ ਤਕ ਪਹੁੰਚ' ਕਿਉਂ ਜ਼ਰੂਰੀ ਹੈ ? ਸਪਸ਼ਟ ਕਰੋ । 2

2. ''ਪੇਂਡੂ ਵਪਾਰਕ ਕੇਂਦਰ ਨਜਦੀਕ ਦੀਆਂ ਬਸਤੀਆਂ ਦਾ ਪੋਸ਼ਣ ਕਰਦੇ ਹਨ ।'' ਇਸ ਕਥਨ ਨੂੰ ਸਪਸ਼ਟ ਕਰੋ । 2

3. (a) ਭਾਰਤ ਵਿਚ ਖਣਿਜ ਦੀ 'ਉੱਤਰ-ਪੱਛਮੀ ਪ੍ਰਦੇਸ਼' ਪੇਟੀ ਦੀਆਂ ਕੋਈ ਚਾਰ ਵਿਸ਼ੇਸ਼ਤਾਵਾਂ ਦਾ ਬਿਓਰਾ ਕਰੋ । $4\times\frac{1}{2}=2$

ਜਾਂ

(b) 'ਧਾਤਵਿਕ ਖਣਿਜਾਂ' ਦੀਆਂ ਕੋਈ ਚਾਰ ਵਿਸ਼ੇਸ਼ਤਾਵਾਂ ਦਾ ਬਿਓਰਾ ਕਰੋ । $4\times\frac{1}{2}=2$

ਖੰਡ ਖ
(ਸਰੋਤ ਅਧਾਰਿਤ ਪ੍ਰਸ਼ਨ)

3×1=3

4. ਹੇਠ ਦਿੱਤੇ ਗਏ ਸਰੋਤ ਨੂੰ ਪੜ੍ਹੋ ਅਤੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿੱਖੋ :

ਸਮਨਵਿਤ ਜਨਜਾਤੀ ਵਿਕਾਸ ਪਰਿਯੋਜਨਾ (ਆਈ.ਟੀ.ਡੀ.ਪੀ.) ਲਾਗੂ ਹੋਣ ਨਾਲ ਹੋਏ ਸਮਾਜਕ ਲਾਭਾਂ ਵਿਚ ਸਾਖਰਤਾ ਦਰ ਵਿਚ ਤੇਜ਼ੀ ਨਾਲ ਵਾਧਾ, ਲਿੰਗ ਅਨੁਪਾਤ ਵਿਚ ਸੁਧਾਰ ਅਤੇ ਬਾਲ-ਵਿਆਹ ਵਿਚ ਕਮੀ ਸ਼ਾਮਿਲ ਹਨ । ਇਸ ਖੇਤਰ ਵਿਚ ਇਸਤ੍ਰੀ ਸਾਖਰਤਾ ਦਰ 1971 ਵਿਚ 1·88 ਪ੍ਰਤਿਸ਼ਤ ਤੋਂ ਵਧ ਕੇ 2011 ਵਿਚ 65 ਪ੍ਰਤਿਸ਼ਤ ਹੋ ਗਈ । ਆਦਮੀ ਅਤੇ ਇਸਤ੍ਰੀ ਸਾਖਰਤਾ ਦਰ ਵਿਚ ਅੰਤਰ ਅਰਥਾਤ ਸਾਖਰਤਾ ਵਿਚ ਲਿੰਗ ਅਸਮਾਨਤਾ ਵੀ ਘਟ ਗਈ ਹੈ । *ਗੱਦੀਆਂ* ਦੀ ਪਰੰਪਰਾਗਤ ਅਰਥਵਿਵਸਥਾ ਜੀਵਨ ਨਿਰਬਾਹ ਖੇਤੀ ਅਤੇ ਪਸ਼ੂਚਾਰਣ ਉਪਰ ਨਿਰਭਰ ਸੀ ਜਿਸ ਵਿਚ ਖਾਣ ਵਾਲੇ ਅਨਾਜ ਅਤੇ ਪਸ਼ੂਆਂ ਦੀ ਪੈਦਾਵਾਰ ਤੇ ਜ਼ੋਰ ਦਿਤਾ ਜਾਂਦਾ ਸੀ । ਪਰ 20ਵੀਂ ਸਦੀ ਦੇ ਅਖੀਰਲੇ ਤਿੰਨ ਦਸ਼ਕਿਆਂ ਦੇ ਦੌਰਾਨ, ਭਰਮੋਰ ਖੇਤਰ ਵਿਚ ਦਾਲਾਂ ਅਤੇ ਦੂਸਰੀਆਂ ਨਕਦੀ ਫਸਲਾਂ ਦੀ ਖੇਤੀ ਵਿਚ ਵਾਧਾ ਹੋਇਆ ਹੈ । ਪਰ ਇਥੇ ਖੇਤੀ ਹਾਲਾਂ ਹੀ ਪਰੰਪਰਾਗਤ ਤਕਨੀਕਾਂ ਨਾਲ ਕੀਤੀ ਜਾਂਦੀ ਸੀ । ਇਸ ਖੇਤਰ ਨੂੰ ਅਰਥਵਿਵਸਥਾ ਵਿਚ ਪਸ਼ੂਚਾਰਣ ਦੀ ਘਟਦੀ ਮਹਤਤਾ ਨੂੰ ਇਸ ਤਰਾਂ ਨਾਲ ਮਾਪਿਆ ਜਾ ਸਕਦਾ ਹੈ ਕਿ ਅਜ ਕੁਲ ਪਰਵਾਰਿਕ ਇਕਾਈਆਂ ਦਾ ਦਸਵਾਂ ਭਾਗ ਹੀ ਰੁਤ ਅਨੁਸਾਰ ਪ੍ਰਵਾਸ ਕਰਦਾ ਹੈ । ਪਰ *ਗੱਦੀ* ਜਨਜਾਤੀ ਅਜ ਵੀ ਬਹੁਤ ਚਲੰਤ (ਗਤੀਸ਼ੀਲ) ਹੈ ਕਿਉਂਕਿ ਉਨ੍ਹਾਂ ਦੀ ਇਕ ਵੱਡੀ ਗਿਣਤੀ ਸਰਦ ਰੁਤ ਵਿਚ ਖੇਤੀ ਅਤੇ ਮਜਦੂਰੀ ਕਰਕੇ ਜੀਵਨ ਨਿਰਬਾਹ ਦੇ ਲਈ ਕਾਂਗੜਾ ਅਤੇ ਆਸਪਾਸ ਦੇ ਖੇਤਰਾਂ ਵਿਚ ਪ੍ਰਵਾਸ ਕਰਦੀ ਹੈ ।

(4.1) 'ਸਮਨਵਿਤ ਜਨਜਾਤੀ ਵਿਕਾਸ ਪਰਿਯੋਜਨਾ (ਆਈ.ਟੀ.ਡੀ.ਪੀ.)' ਦੀਆਂ ਕੋਈ ਦੋ ਪ੍ਰਥਮਤਾਵਾਂ ਦਾ ਬਿਓਰਾ ਕਰੋ । *1*

(4.2) 'ਸਮਨਵਿਤ ਜਨਜਾਤੀ ਵਿਕਾਸ ਪਰਿਯੋਜਨਾ (ਆਈ.ਟੀ.ਡੀ.ਪੀ.)' ਨੇ ਕਿਵੇਂ '*ਗੱਦੀਆਂ*' ਦੇ ਜੀਵਨ ਨੂੰ ਪ੍ਰਭਾਵਤ ਕੀਤਾ ? ਸਪਸ਼ਟ ਕਰੋ । *1*

(4.3) ਭਰਮੋਰ ਖੇਤਰ ਵਿਚ ਪਸ਼ੂਚਾਰਣ ਦੀ ਮਹਤਤਾ ਕਿਓ ਘਟ ਰਹੀ ਹੈ ? *1*

ਖੰਡ ਗ

(ਛੋਟੇ ਉੱਤਰ ਪ੍ਰਕਾਰ ਦੇ ਪ੍ਰਸ਼ਨ) *2×3=6*

5. (a) ''ਸੰਸਾਰ ਵਿਚ ਆਧੁਨਿਕ ਨਿਰਮਾਣ ਉਦਯੋਗ ਦੀ ਮੁਖ ਸੰਘਣਤਾ ਕੁਝ ਹੀ ਥਾਵਾਂ ਤੇ ਸੀਮਤ ਹੈ ।'' ਉਦਾਹਰਣ ਸਹਿਤ ਇਸ ਕਥਨ ਦੀ ਪੁਸ਼ਟੀ ਕਰੋ । *1×3=3*

ਜਾਂ

(b) ''ਕਾਟੇਜ (ਕੁਟੀਰ) ਉਦਯੋਗ ਨਿਰਮਾਣ ਦੀ ਸਭ ਤੋਂ ਛੋਟੀ ਇਕਾਈ ਹੈ ।'' ਉਦਾਹਰਣ ਸਹਿਤ ਇਸ ਕਥਨ ਦੀ ਪੁਸ਼ਟੀ ਕਰੋ । *1×3=3*

6. 'ਪਰਿਵਹਨ' (ਢੋਆ ਢੁਆਈ), 'ਸੰਚਾਰ' ਤੋਂ ਕਿਵੇਂ ਵੱਖ ਹੈ ? ਉਦਾਹਰਣਾਂ ਸਹਿਤ ਸਪਸ਼ਟ ਕਰੋ । *1×3=3*

ਖੰਡ ਘ

(ਲੰਬੇ ਉੱਤਰ ਪ੍ਰਕਾਰ ਦੇ ਪ੍ਰਸ਼ਨ) *3×5=15*

7. ਭਾਰਤ ਵਿਚ 'ਸ਼ਹਿਰੀ ਕੂੜਾ ਕਰਕਟ ਨੂੰ ਨਿਬੇੜਨਾ (ਸੰਭਾਲਣਾ)' ਕਿਵੇਂ ਇਕ ਗੰਭੀਰ ਸਮਸਿਆ ਹੈ ? ਇਸ ਸਮਸਿਆ ਨੂੰ ਸੁਲਝਾਣ ਲਈ ਸੁਝਾ ਦਿਓ । *2+3=5*

8. ''ਭਾਰਤੀ ਰੇਲ ਜਾਲ ਸੰਸਾਰ ਦੇ ਸਭ ਤੋਂ ਵਧ ਲੰਬੇ ਰੇਲ ਜਾਲਾਂ ਵਿਚੋਂ ਇਕ ਹੈ ।'' ਇਸ ਕਥਨ ਦੇ ਮਹਤਵ ਦੀ ਪਰਖ ਕਰੋ । *1×5=5*

9. (a) 'ਪਾਰ-ਮਹਾਂਦੀਪੀ ਰੇਲਮਾਰਗ' ਨੂੰ ਪਰਭਾਸ਼ਿਤ ਕਰੋ । ਪਾਰ-ਕੈਨੇਡਿਅਨ ਰੇਲਮਾਰਗ ਦੀਆਂ ਕੋਈ ਚਾਰ ਵਿਸ਼ੇਸ਼ਤਾਵਾਂ ਨੂੰ ਸਪਸ਼ਟ ਕਰੋ । *1+4=5*

ਜਾਂ

(b) 'ਮਹਾਮਾਰਗ' ਸ਼ਬਦ ਨੂੰ ਪਰਿਭਾਸ਼ਿਤ ਕਰੋ । ਉੱਤਰੀ ਅਮੇਰਿਕਾ ਵਿਚ ਮਹਾਮਾਰਗ ਦੀ ਮਹਤਤਾ ਦੇ ਕੋਈ ਚਾਰ ਬਿੰਦੂਆਂ ਨੂੰ ਸਪਸ਼ਟ ਕਰੋ । *1+4=5*

ਖੰਡ ਛ
(ਮਾਨਚਿੱਤਰ-ਅਧਾਰਿਤ ਪ੍ਰਸ਼ਨ)

10. **ਭਾਰਤ** ਦੇ ਦਿਤੇ ਹੋਏ ਰਾਜਨੀਤਕ ਰੇਖਾ-ਮਾਨਚਿੱਤਰ (ਪੰਨਾ 7 ਤੇ) ਵਿਚ ਹੇਠ ਲਿਖਿਆਂ ਵਿਚੋਂ ਕਿਸੇ ***ਪੰਜ*** ਭੂਗੋਲਕ ਲੱਛਣਾਂ ਨੂੰ ਢੁਕਵੇਂ ਚਿਹਨਾਂ ਰਾਹੀਂ ਅੰਕਿਤ ਕਰੋ ਅਤੇ ਉਨ੍ਹਾਂ ਦੇ ਨਾਮ ਲਿੱਖੋ : *5×1=5*

(10.1) ਰਤਨਾਗਿਰੀ – ਲੋਹਾ ਕੱਚੀ ਧਾਤ ਦੀਆਂ ਖਾਣਾ

(10.2) ਸ਼ਿਮੋਗਾ – ਮੈਂਗਨੀਜ ਦੀਆਂ ਖਾਣਾ

(10.3) ਜਾਮਨਗਰ – ਤੇਲ ਸ਼ੋਧਕ ਕਾਰਖਾਨਾ (ਆਇਲ ਰਿਫਾਇਨਰੀ)

(10.4) ਪੂਰਬ-ਪੱਛਮ ਗਲਿਆਰੇ ਦਾ ਸਭ ਤੋਂ ਪੂਰਬੀ ਸਟੇਸ਼ਨ

(10.5) ਨਵੇਲੀ – ਕੋਲੇ ਦੀਆਂ ਖਾਣਾ

(10.6) 'ਸੁਨਹਰੀ ਚੁਤੁਰਭੁਜ' ਨਾਲ ਜੁੜਿਆ ਸਭ ਤੋਂ ਦੱਖਣੀ ਮਹਾਨਗਰ

ਨੋਟ: *ਹੇਠ ਲਿਖੇ ਪ੍ਰਸ਼ਨ ਸਿਰਫ* ***ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ*** *ਦੇ ਲਈ ਪ੍ਰਸ਼ਨ ਸੰਖਿਆ 10 ਦੀ ਥਾਂ ਤੇ ਬਦਲਵੇ ਪ੍ਰਸ਼ਨ ਹਨ । ਕਿਸੇ* ***ਪੰਜ*** *ਪ੍ਰਸ਼ਨਾਂ ਦੇ ਉੱਤਰ ਦਿਓ :*

(10.1) ਰਤਨਾਗਿਰੀ ਲੋਹਾ ਕੱਚੀ ਧਾਤ ਦੀਆਂ ਖਾਣਾ ਕਿਸ ਰਾਜ ਵਿਚ ਸਥਿਤ ਹਨ ?

(10.2) ਬਰੌਨੀ ਤੇਲ ਸ਼ੋਧਕ ਕਾਰਖਾਨਾ ਕਿਸ ਰਾਜ ਵਿਚ ਸਥਿਤ ਹੈ ?

(10.3) ਸ਼ਿਮੋਗਾ ਮੈਂਗਨੀਜ਼ ਦੀਆਂ ਖਾਣਾ ਕਿਸ ਰਾਜ ਵਿਚ ਸਥਿਤ ਹਨ ?


(10.4) ਪੂਰਬ-ਪੱਛਮ ਗਲਿਆਰੇ ਦੇ ਸਭ ਤੋਂ ਪੂਰਬੀ ਸਟੇਸ਼ਨ ਦਾ ਨਾਮ ਲਿੱਖੋ ।

(10.5) ਉਸ ਰਾਜ ਦਾ ਨਾਮ ਲਿੱਖੋ ਜਿਥੇ ਝਰਿਆ ਕੋਲੇ ਦੀਆਂ ਖਾਣਾ ਸਥਿਤ ਹਨ ।

(10.6) 'ਸੁਨਹਰੀ ਚੁਤੁਰਭੁਜ' ਨਾਲ ਜੁੜੇ ਹੋਏ ਸਭ ਤੋਂ ਦੱਖਣੀ ਮਹਾਨਗਰ ਦਾ ਨਾਮ ਲਿਖੋ । *5×1=5*



ਪ੍ਰਸ਼ਨ ਸੰ. 10 ਦੇ ਲਈ


ਭਾਰਤ ਦਾ ਰੇਖਾ ਮਾਨਚਿੱਤਰ (ਰਾਜਨੀਤਕ)
Outline Map of India (Political)
km Scale 1:15000,000 km
100 50 0 100 200 300 400 500